**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

ਵੱਲ

ਸਮੂਹ ਸੈਂਟਰ ਹੈੱਡ ਟੀਚਰ
ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈੱਬਸਾਇਟ ਰਾਹੀਂ)
ਪੰਜਾਬ

ਮੀਮੋ ਨੰ. ਸਸਅ/ਡਿਐਸਪੀਡੀ ਵੀ/2010/46638
ਮਿਤੀ ਚੰਡੀਗੜ੍ਹ 19.07.2010

**ਵਿਸ਼ਾ:- ਸਕੂਲ ਕਲੱਬਇੰਗ ਬਾਰੇ।**
**ਹਵਾਲਾ: ਸਰਕਾਰ ਦੇ ਹੁਕਮ ਨੰ. ਸਸਅ/ਡਿਐਸਪੀਡੀ ਵੀ/2010/45738 ਮਿਤੀ 8.7.2010 ਦੀ ਲਗਾਤਾਰਤਾ ਦੇ ਸਬੰਧ ਵਿਚ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੰਜਾਬ ਸਰਕਾਰ ਵੱਲੋਂ ਜਿਹੜੇ ਪ੍ਰਾਇਮਰੀ ਸਕੂਲ ਕਿਸੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਨਾਲ ਇਕ ਕੈਂਪਸ/ਬਿਲਡਿੰਗ ਵਿੱਚ ਚੱਲ ਰਹੇ ਹਨ ਜਾਂ ਜਿੰਨ੍ਹਾਂ ਦੀ ਚਾਰਦਿਵਾਰੀ ਇੱਕ/ਸਾਂਝੀ ਹੈ, ਉਹਨਾਂ ਦਾ ਅਕਾਦਮਿਕ ਤੌਰ 'ਤੇ ਪ੍ਰਬੰਧਕੀ ਕੰਟਰੋਲ ਮਿਡਲ, ਹਾਈ, ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ ਜਿਵੇਂ ਵੀ ਹੋਵੇ, ਦੇ ਸੀਨੀਅਰ ਮੁਖੀ ਕੋਲ ਹੋਣ ਦੇ ਹੁਕਮ ਜਾਰੀ ਕੀਤੇ ਗਏ ਸਨ ।

3.0 ਪਰ ਪਿਛਲੇ ਦਿਨਾਂ ਤੋਂ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਫੀਲਡ ਵਿਚੋਂ ਉੱਠ ਰਹੀਆਂ ਹਨ ਕਿ ਇਸ ਦੇ ਨਾਲ ਪ੍ਰਾਇਮਰੀ ਅਧਿਆਪਕਾਂ ਦੀਆਂ ਤਰੱਕੀਆਂ ਤੇ ਇਸ ਦਾ ਅਸਰ ਪਵੇਗਾ। ਇਸ ਸਬੰਧ ਵਿਚ ਉਪਰੋਕਤ ਪੱਤਰ ਦੇ ਲੜੀ ਨੰ. 7.0 ਵਿਚ ਸਪੱਸ਼ਟ ਕੀਤਾ ਗਿਆ ਹੈ ਕਿ "ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ, ਹੋਰ ਵਿੱਤੀ ਅਦਾਇਗੀਆਂ ਅਤੇ ਤਰੱਕੀਆਂ ਆਦਿ ਦਾ ਕੰਮ ਪਹਿਲਾਂ ਵਾਂਗ ਹੀ ਬੀ.ਪੀ.ਈ.ਓ./ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੇ ਪੱਧਰ ਤੇ ਚੱਲਦਾ ਰਹੇਗਾ। "

4.0 ਇਥੇ ਆਪ ਜੀ ਨੂੰ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਈ.ਟੀ.ਟੀ/ਜੇ.ਬੀ.ਟੀ, ਐਚ.ਟੀ, ਅਤੇ ਸੀ.ਐਚ.ਟੀ. ਦੀਆਂ ਇਹਨਾਂ ਸਕੂਲਾਂ ਦੇ ਕਲੱਬਇੰਗ ਹੋਣ ਨਾਲ ਤਰੱਕੀਆਂ ਦੇ ਘਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਪਹਿਲਾਂ ਵਾਂਗ ਹੀ ਬੀ.ਪੀ.ਈ.ਓ. ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਦੇ ਪੱਧਰ ਤੇ ਚੱਲਦਾ ਰਹੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ.ਸਸਅ/ਡਿਐਸਪੀਡੀ ਵੀ/46639 ਮਿਤੀ: 19.07.2010

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਵੀ ਭੇਜਿਆ ਜਾਂਦਾ ਹੈ:-

(1) ਡੀ.ਪੀ.ਆਈ (ਸੈ.ਸਿ) ਅਤੇ (ਐ.ਸਿ), ਪੰਜਾਬ
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ (ਐ.ਸਿ), ਪੰਜਾਬ।
(3) ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**